## ਮਿੱਤਰ/ਸਹੇਲੀ ਨੂੰ ਸਕੂਲ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਦਾਖ਼ਲਾ ਲੈਣ ਲਈ ਪ੍ਰੇਰਿਤ ਕਰਨ ਕਈ ਪੱਤਰ ਲਿਖੋ।



ਪ੍ਰੀਖਿਆ ਭਵਨ,

ਸਰਕਾਰੀ ……… ਸਕੂਲ,

………………।

…… ਜੁਲਾਈ, 20 ….

ਪਿਆਰੇ …………,

ਮਿੱਠੀਆਂ ਯਾਦਾਂ।

ਅੱਜ ਹੀ ਮਾਤਾ ਜੀ ਨਾਲ਼ ਫ਼ੋਨ ਤੇ ਗੱਲ ਹੋਈ ਉਹਨਾਂ ਦੱਸਿਆ ਕਿ ਤੂੰ ਛੇਵੀਂ ਜਮਾਤ ਵਿੱਚੋਂ ਚੰਗੇ ਅੰਕਾਂ ਨਾਲ਼ ਪਾਸ ਹੋ ਗਿਆ ਹੈ। ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਸਕੂਲ ਪੜ੍ਹਾਈ ਪੱਖੋਂ ਇਲਾਕੇ ਦਾ ਮੰਨਿਆ ਹੋਇਆ ਸਕੂਲ ਹੈ। ਸਾਡੇ ਸਕੂਲ ਦਾ ਸਟਾਫ਼ ਬਹੁਤ ਮਿਹਨਤੀ ਤੇ ਤਜ਼ਰਬੇਕਾਰ ਹੈ। ਸਕੂਲ ਵਿਚ ਹਰ ਵਿਸ਼ੇ ਦਾ ਮਾਹਰ ਅਧਿਆਪਕ ਹੋਣ ਕਾਰਨ ਬੱਚਿਆਂ ਨੂੰ ਕਿਸੇ ਵਿਸ਼ੇ ਵਿਚ ਦਿੱਕਤ ਮਹਿਸੂਸ ਨਹੀਂ ਹੁੰਦੀ। ਸਕੂਲ ਦੀ ਬਿਲਡਿੰਗ ਆਧੁਨਿਕ ਤਰੀਕੇ ਨਾਲ਼ ਬਣੀ ਹੈ। ਸਕੂਲ ਵਿਚ ਖੇਡਾਂ ਦਾ ਸਮਾਨ ਤੇ ਮੈਦਾਨ, ਕੰਪਿਊਟਰ ਲੈਬ, ਸਾਇੰਸ ਲੈਬ ਤੇ ਪੜ੍ਹਨ ਲਈ ਸ਼ਾਨਦਾਰ ਲਾਇਬ੍ਰੇਰੀ ਦਾ ਪ੍ਰਬੰਧ ਹੈ। ਹਰ ਸਾਲ ਸਾਡੇ ਸਕੂਲ ਵਿਚੋਂ ਬੱਚੇ ਟੈਸਟ ਪਾਸ ਕਰ ਵਜ਼ੀਫੇ ਲਈ ਚੁਣੇ ਜਾਂਦੇ ਹਨ।

ਅੱਗੇ ਮੈਂ ਚਾਹੁੰਦਾ ਹਾਂ ਕਿ ਆਪਾਂ ਦੋਵੇਂ ਦੋਸਤ ਇੱਕ ਸਕੂਲ ਵਿਚ ਇਕੱਠੇ ਪੜ੍ਹੀਏ। ਇਸ ਕਰਕੇ ਤੂੰ ਸਾਡੇ ਸਕੂਲ ਵਿਚ ਦਾਖ਼ਲ ਹੋ ਜਾਹ। ਮੇਰਾ ਖ਼ਿਆਲ ਹੈ ਕਿ ਤੈਨੂੰ ਮੇਰੀ ਸਲਾਹ ਪਸੰਦ ਆਈ ਹੋਵੇਗੀ। ਤੂੰ ਆਪਣੇ ਘਰ ਸਲਾਹ ਬਣਾ ਕੇ ਮੈਨੂੰ ਇਸ ਸੰਬੰਧੀ ਜਲਦੀ ਦੱਸ ਦੇਵੀਂ। ਤੇਰਾ ਦਾਖਲਾ ਵੀ ਆਨਲਾਈਨ ਹੋ ਜਾਵੇਗਾ।

ਜਲਦੀ ਉੱਤਰ ਦੀ ਉਡੀਕ ਵਿਚ।

ਤੇਰਾ ਮਿੱਤਰ

………………।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**